# ਬੱਲੇ ਬੱਲੇ, ਨੀ ਮੰਦਿਰਾਂ 'ਚ, ਢੋਲ ਵੱਜਦੇ

ਮੰਦਿਰਾਂ 'ਚ ਢੋਲ ਵੱਜਦੇ

ਹੋ ਬੱਲੇ ਬੱਲੇ, ਨੀ ਮੰਦਿਰਾਂ 'ਚ, ਢੋਲ ਵੱਜਦੇ ॥
ਹੋ ਛਾਵਾ ਛਾਵਾ, ਨੀ ਮੰਦਿਰਾਂ 'ਚ, ਢੋਲ ਵੱਜਦੇ ॥
ਢੋਲ ਵੱਜਦੇ, ਓ ਨਗਾੜੇ* ਵੱਜਦੇ,
ਹੋ ਬੱਲੇ ਬੱਲੇ, ਨੀ ਮੰਦਿਰਾਂ 'ਚ.........

ਦਰ ਤੇਰੇ ਤੇ, ਸੰਗਤਾਂ ਆਈਆਂ,
ਸੋਹਣੀ, ਚੁੰਨਰੀ ਲਿਆਈਆਂ ॥
ਹੋ ਚੁੰਨਰੀ, ਓੜ੍ਹਾਣ ਤੇ, ਜੈਕਾਰੇ ਲੱਗਦੇ ॥
ਹੋ ਬੱਲੇ ਬੱਲੇ, ਨੀ ਮੰਦਿਰਾਂ 'ਚ..........

ਦਰ ਤੇਰੇ ਤੇ, ਸੰਗਤਾਂ ਆਈਆਂ,
ਸੋਹਣਾ, ਚੂੜਾ ਲਿਆਈਆਂ ॥
ਹੋ ਚੂੜਾ, ਪਹਿਨਾਣ ਤੇ, ਜੈਕਾਰੇ ਲੱਗਦੇ ॥
ਹੋ ਬੱਲੇ ਬੱਲੇ, ਨੀ ਮੰਦਿਰਾਂ 'ਚ..........

ਦਰ ਤੇਰੇ ਤੇ, ਸੰਗਤਾਂ ਆਈਆਂ,
ਸੂਹਾ, ਚੋਲਾ ਲਿਆਈਆਂ ॥
ਹੋ ਚੋਲਾ, ਪਹਿਨਾਣ ਤੇ, ਜੈਕਾਰੇ ਲੱਗਦੇ ॥
ਹੋ ਬੱਲੇ ਬੱਲੇ, ਨੀ ਮੰਦਿਰਾਂ 'ਚ...........

ਦਰ ਤੇਰੇ ਤੇ, ਸੰਗਤਾਂ ਆਈਆਂ,
ਸੋਹਣੀ ਪਾਇਲ ਲਿਆਈਆਂ ॥
ਹੋ ਪਾਇਲ, ਪਹਿਨਾਣ ਤੇ, ਜੈਕਾਰੇ ਲੱਗਦੇ ॥
ਹੋ ਬੱਲੇ ਬੱਲੇ, ਨੀ ਮੰਦਿਰਾਂ 'ਚ.........

ਦਰ ਤੇਰੇ ਤੇ, ਸੰਗਤਾਂ ਆਈਆਂ,
ਸੋਹਣੀ, ਭੇਟ ਲਿਆਈਆਂ ॥
ਹੋ ਪ੍ਰੇਮ ਪਿਆਰ ਨਾਲ, ਚੜ੍ਹਾਉਣ ਤੇ, ਜੈਕਾਰੇ ਲੱਗਦੇ ॥
ਹੋ ਬੱਲੇ ਬੱਲੇ, ਨੀ ਮੰਦਿਰਾਂ 'ਚ..........

ਦਰ ਤੇਰੇ ਤੇ, ਸੰਗਤਾਂ ਆਈਆਂ,
ਆ ਕੇ, ਕੰਜ਼ਕਾਂ ਬਿਠਾਈਆਂ ॥
ਹੋ ਕੰਜ਼ਕਾਂ, ਬਿਠਾਉਣ ਤੇ, ਜੈਕਾਰੇ ਲੱਗਦੇ ॥
ਹੋ ਬੱਲੇ ਬੱਲੇ, ਨੀ ਮੰਦਿਰਾਂ 'ਚ..........

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33424/title/BALLE-BALLE-NI-MANDIRAN-CH-DHOL-VAJJDE

अपने Android मोबाइल पर BhajanGanga App डाउनलोड करें और भजनों का आनंद ले |